# ਦੱਖਣ ਏਸ਼ੀਆ 'ਚ ਅਮਨ ਲਈ, ਸੰਸਦ ਤੇ ਮੁਜ਼ਾਹਰਾ!

12 ਜਨਵਰੀ 2009 ਨੂੰ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਮੈਂਬਰਾਂ ਅਤੇ ਸਮਰਥਕਾਂ ਨੇ, ਕਈ ਹੋਰ ਜਥੇਬੰਦੀਆਂ ਦੇ ਮੈਂਬਰਾਂ ਨਾਲ ਮਿਲਕੇ, ਜੰਗ-ਫਰੋਸ਼ ਤਾਕਤਾਂ ਦੇ ਖਿਲਾਫ, ਦਿੱਲੀ ਵਿੱਚ ਸੰਸਦ ਭਵਨ ਸਾਮ੍ਹਣੇ ਇੱਕ ਜਬਰਦਸ ਮੁਜ਼ਾਹਰਾ ਕੀਤਾ। ਇਹ ਜੰਗ-ਫਰੋਸ਼ ਤਾਕਤਾਂ, ਅੱਜ ਹਿੰਦੋਸਤਾਨ ਅਤੇ ਪਾਕਿਸਤਾਨ ਨੂੰ ਜੰਗ 'ਚ ਝੋਕਣ ਦੇ ਹਾਲਾਤ ਬਣ ਰਹੀਆਂ ਹਨ।

"ਦੱਖਣੀ ਏਸ਼ੀਆ 'ਚ ਅਮਨ ਲਈ ਇੱਕ-ਜੁੱਟ ਹੋ ਜਾਓ!"—ਇਸ ਬੈਨਰ ਦੇ ਹੇਠ ਸੈਂਕੜੇ ਮਜਦੂਰਾਂ, ਨੌਜਵਾਨਾਂ, ਬੁੱਧੀਜੀਵੀਆਂ ਅਤੇ ਇਸਤਰੀਆਂ ਨੇ ਦਿੱਲੀ ਅੰਦਰ ਮੰਡੀ ਹਾਊਸ ਤੋਂ ਜੰਤਰ-ਮੰਤਰ ਤਕ, ਜ਼ੋਰਦਾਰ ਮਾਰਚ ਕੀਤਾ। ਇਸ ਮੁਜ਼ਾਹਰੇ ਵਿੱਚ, ਤਮਾਮ ਜਥੇਬੰਦੀਆਂ ਨੇ ਆਪੋ-ਆਪਣੇ ਬੈਨਰਾਂ ਸਮੇਤ ਹਿੱਸਾ ਲਿਆ। ਇਨ੍ਹਾਂ 'ਚ ਲੋਕ ਰਾਜ ਸੰਗਠਨ, ਦਿੱਲ ਸ਼ਰੱਮਕ ਸੰਗਠਨ, ਨਿਰਮਾਣ ਮਜਦੂਰ ਪੰਚਾਇਤ ਸੰਗਮ, ਹਿੰਦ ਨੌਜਵਾਨ ਏਕਤਾ ਸਭਾ, ਜਮਾਤ-ਏ-ਇਸਲਾਮੀ-ਹਿੰਦ, ਪ੍ਰੋਗਾਮੀ ਮਹਿਲਾ ਸੰਗਠਨ, ਸਟੂਡੇਂਟ ਇਸਲਾਮਿਕ ਆਰਗੇਨਾਈਜ਼ੇਸ਼ਨ ਆਫ਼ ਇੰਡੀਆ, ਪੀਪਲਜ਼ ਫਰੰਟ, ਮਣੀਪੁਰ ਸਟੂਡੈਂਟਸ ਏਸੋਸੀਏਸ਼ਨ ਆਫ ਦਿੱਲੀ, ਸਾਂਝਾ ਮੰਚ, ਯੂ.ਐਨ.ਆਈ.ਇੰਪਲਾਈਜ਼ ਐਸੋਸੀਏਸ਼ਨ ਅਤੇ ਕਈ ਹੋਰ ਜਥੇਬੰਦੀਆਂ ਸ਼ਾਮਲ ਸਨ।ਮਾਰਚ ਦੇ ਦੌਰਾਨ ਮੁਜਾਹਰਾਕਾਰੀਆਂ ਨੇ ਹਿੰਦੋਸਤਾਨ-ਅਮਰੀਕਾ ਰਣਨੀਤਕ ਗਠਜੋੜ, ਇਸ ਖੇਤਰ 'ਚ ਤੇਜ਼ੀ ਨਾਲ ਵਧ ਰਹੀ ਅਮਰੀਕੀ ਦਖਲ-ਅੰਦਾਜ਼ੀ ਅਤੇ ਯੂ.ਪੀ.ਏ ਸਰਕਾਰ ਵਲੋਂ ਹਿੰਦੋਸਤਾਨ ਅਤੇ ਪਾਕਿਸਤਾਨ ਵਿਚਾਲੇ ਜੰਗ ਭੜਕਾਉਣ ਦੇ ਯਤਨਾਂ ਖਿਲਾਫ ਜਬਰਦਸਤ ਨਾਅਰੇ ਲਾਏ। "ਅਮਰੀਕੀ ਸਾਮਰਾਜਵਾਦੀਆਂ ਦੀ ਦੱਖਣ ਏਸ਼ੀਆ 'ਚ ਦਖਲ-ਅੰਦਾਜ਼ੀ-ਮੁਰਦਾਬਾਦ।", "ਜੰਗ ਤੋਂ ਕਿਹਨੂੰ ਫਾਇਦਾ?—ਸਰਮਾਏਦਾਰਾਂ ਨੂੰ, ਲੋਕਾਂ ਨੂੰ ਨਹੀਂ!" "ਦਹਿਸ਼ਤਵਾਦ ਖਿਲਾਫ ਲੜਾਈ ਦੇ ਬਹਾਨੇ ਲੋਕਾਂ ਦੇ ਅਧਿਕਾਰਾਂ ਉਤੇ ਹਮਲਾ ਨਹੀਂ ਚਲੇਗਾ!","ਰੋਟੀ, ਕੱਪੜਾ ਅਤੇ ਮਕਾਨ ਚਾਹੀਦੈ, ਜੰਗ ਨਹੀਂ ਚਾਹੀਦੀ!" "ਦੱਖਣ ਏਸ਼ੀਆ 'ਚ ਅਮਨ ਲਈ ਇੱਕ-ਜੁੱਟ ਹੋ ਜਾਓ!"—ਇਨ੍ਹਾਂ ਨਾਅਰਿਆਂ ਨਾਲ ਦਿੱਲੀ ਦੀਆਂ ਸੜਕਾਂ ਗੂੰਜ ਉਠੀਆਂ। ਮੁਜਾਹਰਾਕਾਰੀਆਂ ਨੇ ਇਨ੍ਹਾਂ ਨਾਅਰਿਆਂ ਵਾਲੇ ਪਲੈਕਾਰਡ ਵੀ ਚੁੱਕੇ ਹੋਏ ਸਨ।

ਜੰਤਰ-ਮੰਤਰ ਪਹੁੰਚਦਿਆਂ ਹੀ, ਇਹ ਮੁਜ਼ਾਹਰਾ ਇੱਕ ਜਨਤਕ ਸਭਾ ਦਾ ਰੂਪ ਧਾਰਨ ਕਰ ਗਿਆ, ਜਿਸ 'ਚ ਤਮਾਮ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਸਭਾ






ਨੂੰ ਸੰਬੋਧਨ ਕੀਤਾ। ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਇਸ ਮੌਕੇ ਤੇ ਜਾਰੀ ਕੀਤਾ ਗਿਆ ਇੱਕ ਬਿਆਨ: "ਦੱਖਣ ਏਸ਼ੀਆ 'ਚ ਅਮਨ ਲਈ ਸੰਘਰਸ਼ ਕਰੋ! ਅਮਰੀਕੀ ਸਾਮਰਾਜਵਾਦ ਨੂੰ ਇਸ ਇਲਾਕੇ 'ਚੋਂ ਖਦੇੜ ਸੁੱਟੋ!", ਸਭਾ 'ਚ ਪੜ੍ਹਕੇ ਸੁਣਾਇਆ ਗਿਆ।

ਸਭਾ ਨੂੰ ਸੰਬੋਧਨ ਕਰਦਿਆਂ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਪ੍ਰਵਕਤਾ, ਕਾਮਰੇਡ ਪ੍ਰਕਾਸ਼ ਰਾਓ, ਨੇ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਹੁਕਮਰਾਨਾਂ ਵਲੋਂ, ਮੁੰਬਈ ਤੇ ਹੋਏ ਦਹਿਸ਼ਤੀ ਹਮਲਿਆਂ ਦੇ ਸੰਦਰਭ 'ਚ ਦੋਨਾਂ ਦੇਸ਼ਾਂ ਵਿਚਾਲੇ ਜੰਗ ਛੇੜਨ ਦਾ ਮਹੌਲ ਪੈਦਾ ਕਰਨ ਦੀ ਨਿਖੇਧੀ ਕੀਤੀ ਅਤੇ ਅਮਰੀਕੀ ਸਾਮਰਾਜਵਾਦ ਅਤੇ ਤਮਾਮ ਹੋਰ ਸਾਮਰਾਜਵਾਦੀ ਤਾਕਤਾਂ ਦੇ ਅਸਲੀ ਮਨਸੂਬਿਆਂ ਦਾ ਪਰਦਾਫਾਸ਼ ਕੀਤਾ। ਇਹ ਸਾਮਰਾਜਵਾਦੀ ਤਾਕਤਾਂ, ਇਸ ਇਲਾਕੇ ਅੰਦਰ ਆਪਣਾ ਪ੍ਰਭਾਵ ਵਧਾਉਣ ਦੇ ਯਤਨ ਕਰ ਰਹੀਆਂ ਹਨ। ਉਨ੍ਹਾਂਨੇ ਕਿਹਾ ਕਿ ਇਨ੍ਹਾਂ ਸਾਮਰਾਜਵਾਦੀ ਤਾਕਤਾਂ ਦੀਆਂ ਚਾਲਾਂ 'ਚ ਫਸਣਾ, ਇਸ ਇਲਾਕੇ ਦੇ ਲੋਕਾਂ ਦੇ ਹਿੱਤਾਂ ਦੇ ਖਿਲਾਫ ਹੋਵੇਗਾ। ਉਨ੍ਹਾਂ ਯਾਦ ਦੁਆਇਆ ਕਿ ਜਿਸ ਭੀ ਦੇਸ਼ ਦੇ ਹੁਕਮਰਾਨਾਂ ਨੇ ਇਨ੍ਹਾਂ ਅਮਰੀਕੀ ਸਾਮਰਾਜਵਾਦੀਆਂ ਦੇ ਖੇਲ੍ਹ 'ਚ ਹਿੱਸਾ ਲਿਆ ਹੈ, ਉਸ ਦੇਸ਼ ਦੇ ਲੋਕਾਂ ਹਿੱਸੇ ਸਿਰਫ ਤਬਾਹੀ ਆਈ ਹੈ। ਇਸ ਇਲਾਕੇ 'ਚੋਂ ਅਮਰੀਕੀ ਸਾਮਰਾਜਵਾਦੀਆਂ ਨੂੰ ਖਦੇੜਕੇ ਬਾਹਰ ਸੁੱਟਣ ਲਈ, ਉਨ੍ਹਾਂਨੇ ਸੱਭ ਨੂੰ ਇੱਕ ਮਜਬੂਤ ਅਤੇ ਏਕਤਾਬਧ ਸੰਘਰਸ਼ ਛੇੜਨ ਦੀ ਪੁਕਾਰ ਕੀਤੀ।

ਐਸ.ਯੂ.ਸੀ.ਆਈ. ਦੇ ਕਾਮਰੇਡ ਹਰੀਸ਼ ਤਿਆਗੀ, ਪੀਪਲਜ਼ ਫਰੰਟ ਦੇ ਕਾਮਰੇਡ ਨਰੇਸ਼ ਗੁਪਤਾ, ਜਮਾਤ-ਏ-ਇਸਲਾਮੀ-ਹਿੰਦ ਦੇ ਸ੍ਰੀ ਰਫੀਕ ਅਹਮਦ ਅਤੇ ਦਿੱਲੀ ਸ਼ਰੱਮਕ ਸੰਗਠਨ ਦੇ ਸ੍ਰੀ ਸੁਭਾਸ਼ ਨੇ ਸਭਾ ਨੂੰ ਸੰਬੋਧਿਤ ਕੀਤਾ। ਲੋਕ ਰਾਜ ਸੰਗਠਨ, ਹਿੰਦ ਨੌਜਵਾਨ ਏਕਤਾ ਸਭਾ, ਪ੍ਰੋਗਾਮੀ ਮਹਿਲਾ ਸੰਗਠਨ, ਮਣੀਪੁਰੀ ਸਟੂਡੈਂਟਸ ਐਸੋਸੀਏਸ਼ਨ ਆਫ਼ ਦਿੱਲੀ ਅਤੇ ਸਾਂਝਾ ਮੰਚ ਦੇ ਪ੍ਰਤੀਨਿਧੀਆਂ ਨੇ ਭੀ ਸਭਾ ਨੂੰ ਸੰਬੋਧਨ ਕੀਤਾ। ਮੁਜਾਹਰੇ 'ਚ ਹਿੱਸਾ ਲੈਣ ਵਾਲੀਆਂ ਸਭ ਜਥੇਬੰਦੀਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਇਲਾਕੇ 'ਚੋਂ ਅਮਰੀਕੀ ਸਾਮਰਾਜਵਾਦ ਨੂੰ ਖਦੇੜ ਕੇ ਬਾਹਰ ਸੁੱਟਣ ਲਈ, ਹਿੰਦੋਸਤਾਨੀ ਲੋਕਾਂ ਦੇ ਨਾਲ-ਨਾਲ, ਇਸ ਪੂਰੇ ਉਪ-ਮਹਾਂਦੀਪ ਦੇ ਸਭ ਲੋਕਾਂ ਦੀ ਏਕਤਾ ਬਹੁਤ ਜਰੂਰੀ ਹੈ।

ਸਭਾ ਦੇ ਅੰਤ 'ਚ, ਦਿੱਲੀ ਸ਼ਰੱਮਕ ਸੰਗਠਨ ਅਤੇ ਹਿੰਦ ਨੌਜਵਾਨ ਏਕਤਾ ਸਭਾ ਦੇ ਸਾਥੀਆਂ ਨੇ, ਏਸੇ ਜ਼ਜ਼ਬੇ ਨੂੰ ਬੁਲੰਦ ਕਰਦ ਹੋਏ ਗੀਤ ਪੇਸ਼ ਕੀਤੇ।